# ਦਫ਼ਤਰ ਜ਼ਿਲ੍ਹਾ ਮੈਜਿਸਟਰੇਟ,ਫ਼ਤਹਿਗੜ੍ਹ ਸਾਹਿਬ।
(ਫ਼ੁੱਟਕਲ ਸ਼ਾਖਾ)

## ਹੁਕਮ

ਦਫਤਰੀ ਹੁਕਮ ਨੰ: ੪੫੩ /ਫੁੱਟਕਲ ਮਿਤੀ 06-5-2020

ਇਸ ਦਫ਼ਤਰ/ਨਿਮਨ ਹਸਤਾਖਰ ਵੱਲੋ ਫੌਜਦਾਰੀ ਜਾਬਤਾ ਸੰਘਤਾ 1973(1974 ਦਾ ਐਕਟ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋ ਕਰਦੇ ਹੋਏ, ਹੁਕਮ ਨੰ: 813/ਐਮ.ਏ ਮਿਤੀ 23.03.2020 ਰਾਹੀ ਜਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਕਰਫਿਊ ਲਗਾਇਆ ਗਿਆ ਸੀ ਜੋ ਅਗਲੇ ਹੁਕਮਾਂ ਤੱਕ ਲਾਗੂ ਰਹੇਗਾ।ਵਧੀਕ ਆਬਕਾਰੀ ਤੇ ਕਰ ਕਮਿਸ਼ਨਰ,ਪੰਜਾਬ,ਚੰਡੀਗੜ੍ਹ ਵੱਲੋ ਪੱਤਰ ਨੰ:ਅ-1-2020/ 2850-2882, ਮਿਤੀ 05/05/2020 ਰਾਂਹੀ ਜ਼ਾਰੀ ਗਾਇਡ ਲਾਈਨਜ ਤਹਿਤ ਨਿਮਨ ਦਰਜ਼ ਸ਼ਰਤਾਂ ਅਨੁਸਾਰ ਮਿਤੀ 07/05/2020 ਤੋਂ ਜਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਅੰਗ੍ਰੇਜੀ ਅਤੇ ਦੇਸੀ ਸ਼ਰਾਬ ਦੇ ਠੇਕੇ ਖੋਲਣ ਦੀ ਛੋਟ ਦਿੱਤੀ ਜਾਂਦੀ ਹੈ:-

1. ਸ਼ਰਾਬ ਦੇ ਠੇਕੇ ਸਵੇਰੇ 09.00 ਵਜੇ ਤੋਂ ਦੁਪਹਿਰ 01.00 ਵਜੇ ਤੱਕ ਖੋਲਣ ਦੀ ਛੋਟ ਦਿੱਤੀ ਜਾਂਦੀ ਹੈ ਅਤੇ ਦੁਪਹਿਰ 1.00 ਵਜੇ ਤੋਂ ਸ਼ਾਮ 07.00 ਵਜੇ ਤੱਕ ਹੋਮ ਡਲੀਵਰੀ ਕੀਤੀ ਜਾ ਸਕੇਗੀ, ਸ਼ਰਾਬ ਦੀ ਹੋਮ ਡਲੀਵਰੀ ਕਰਨ ਲਈ ਇੱਕ ਗਰੁੱਪ ਵਿੱਚ ਕੇਵਲ 2 ਵਿਅਕਤੀਆਂ ਨੂੰ ਸ਼ਰਾਬ ਦੀ ਹੋਮ ਡਲੀਵਰੀ ਕਰਨ ਲਈ ਅਧਿਕਾਰਤ ਕੀਤਾ ਜਾਵੇਗਾ।ਜਿਹੜਾ ਵਿਅਕਤੀ ਹੋਮ ਡਲੀਵਰੀ ਕਰਨ ਲਈ ਅਧਿਕਾਰਤ ਹੋਵੇਗਾ ਉਸ ਕੋਲ ਵਿਭਾਗ ਵਲੋ ਜ਼ਾਰੀ ਕੀਤਾ ਪਹਿਚਾਣ ਪੱਤਰ, ਕਰਫਿਊ ਪਾਸ ਅਤੇ ਵਹੀਕਲ ਜਿਸਦਾ ਇਸਤੇਮਾਲ ਹੋਮ ਡਲੀਵਰੀ ਲਈ ਕਰਨਾ ਹੈ, ਉਸ ਵਹੀਕਲ ਸਬੰਧੀ ਜ਼ਿਲੇ ਦੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਵਲੋ ਪੂਰਵ ਪ੍ਰਵਾਨਗੀ ਪ੍ਰਾਪਤ ਕੀਤੀ ਜਾਵੇਗੀ ਅਤੇ ਵਹੀਕਲ ਦਾ ਕਰਫਿਊ ਪਾਸ ਵੀ ਹੋਣਾ ਲਾਜਮੀ ਹੋਵੇਗਾ।
2. ਹੋਮ ਡਲੀਵਰੀ ਕਰਨ ਵਾਲੇ ਅਧਿਕਾਰਤ ਵਿਅਕਤੀ ਕੋਲ ਹਰ ਸਮੇਂ ਮੌਜੂਦਾ ਸ਼ਰਾਬ ਦਾ ਕੈਸ਼ ਮੀਮੋ ਹੋਣਾ ਲਾਜ਼ਮੀ ਹੋਵੇਗਾ ਅਤੇ ਸ਼ਰਾਬ ਦੀ ਹੋਮ ਡਲੀਵਰੀ ਕਰਨ ਵੇਲੇ ਇਕ ਆਰਡਰ ਤੇ 02 ਲੀਟਰ ਤੋਂ ਵੱਧ ਸਪਲਾਈ ਨਹੀ ਕੀਤੀ ਜਾਵੇਗੀ। The Punjab Intoxicant License & Sales order 1956 ਦੇ ਆਰਡਰ 17 ਅਨੁਸਾਰ ਲਾਇਸੰਸੀ ਵਲੋ ਕੁਝ ਵਿਅਕਤੀਆਂ ਨੂੰ ਸ਼ਰਾਬ ਵੇਚਣ ਦੀ ਮਨਾਹੀ ਹੈ, ਹੋਮ ਡਲੀਵਰੀ ਵਿੱਚ ਵੀ ਇਸ ਆਰਡਰ ਤਹਿਤ ਉਪਬੰਧ ਲਾਗੂ ਰਹਿਣਗੇ।
3. ਦੁਕਾਨ ਦੇ ਬਾਹਰ ਪੰਜ ਤੋ ਜਿਆਦਾ ਵਿਅਕਤੀ ਇੱਕ ਸਮੇਂ ਤੇ ਇੱਕਠੇ ਨਹੀ ਹੋਣਗੇ।
4. ਗ੍ਰਾਹਕਾਂ ਦਰਮਿਆਨ ਸਮਾਜਿਕ ਦੂਰੀ ਲਈ ਜਮੀਨ ਤੇ ਨਿਸ਼ਾਨ ਲਗਾਏ ਜਾਣਗੇ।
5. ਠੇਕੇ ਤੇ ਸੈਨੀਟਾਈਜਰ ਅਤੇ ਹੋਰ ਸੈਨੀਟਾਈਜਿੰਗ ਦੇ ਪ੍ਰਬੰਧ ਜੋ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੇ ਹੋਣ ਨੂੰ ਰੱਖਣਾ ਯਕੀਨੀ ਬਣਾਉਣਗੇ।

***ਇਹ ਛੋਟ ਕਿਸੇ ਵੀ Containment Areas ਵਿੱਚ ਲਾਗੂ ਨਹੀ ਹੋਵੇਗੀ।***

ਦਿੱਤੀ ਗਈ ਛੋਟ ਦੌਰਾਨ ਸਬੰਧਤ ਸਥਾਨਾਂ ਤੇ ਕੋਵਿਡ-19 ਸਬੰਧੀ ਸਮੇਂ ਸਮੇਂ ਤੇ ਜਾਰੀ ਗਾਈਡ ਲਾਇਨਜ਼/ਐਡਵਾਇਜਰੀਜ਼ ਦੀ ਇੰਨ-ਬਿੰਨ ਪਾਲਣਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ। ਕੋਵਿਡ-19 ਸਬੰਧੀ ਹਦਾਇਤਾਂ ਦੀ ਕਿਸੇ ਤਰ੍ਹਾਂ ਉਲੰਘਣਾ ਪਾਏ ਜਾਣ ਦੀ ਸੂਰਤ ਵਿੱਚ ਸਬੰਧਤ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਲੋਕਾਂ ਦੇ ਨਾਮ ਜਾਰੀ ਕੀਤਾ ਜਾਂਦਾ ਹੈ। ਇਹ ਹੁਕਮ ਤੁਰੰਤ ਲਾਗੂ ਹੋਵੇਗਾ। ਇਸ ਹੁਕਮ ਦਾ ਜਿਲ੍ਹਾ ਲੋਕ ਸੰਪਰਕ ਅਫਸਰ,ਫਤਿਹਗੜ੍ਹ ਸਾਹਿਬ ਵੱਲੋਂ ਪ੍ਰੈਸ ਮੀਡੀਆ ਰਾਹੀਂ ਪ੍ਰਚਾਰ ਹੋਵੇ।ਇਸ ਹੁਕਮ ਦੀਆਂ ਨਕਲਾਂ ਇਸ ਜਿਲ੍ਹੇ ਦੇ ਸਦਰ ਦਫ਼ਤਰਾਂ, ਉਪ ਮੰਡਲ ਮੈਜਿਸਟਰੇਟਸ ਦਫ਼ਤਰਾਂ, ਥਾਣਿਆਂ, ਨਗਰ ਕੌਂਸਲਾਂ/ ਪੰਚਾਇਤਾਂ/ ਹਸਪਤਾਲ/ ਰੇਲਵੇ ਸਟੇਸ਼ਨ/ ਬੱਸ ਸਟੈਂਡ/ ਤਹਿਸੀਲ ਦਫ਼ਤਰਾਂ /ਗਰਾਮ ਪੰਚਾਇਤਾਂ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇ।

ਇਹ ਹੁਕਮ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਹੇਠ ਮਿਤੀ 06/05/2020 ਨੂੰ ਜਾਰੀ ਹੋਇਆ।

ਜਿਲ੍ਹਾ ਮੈਜਿਸਟਰੇਟ,
ਫ਼ਤਹਿਗੜ੍ਹ ਸਾਹਿਬ।

ਪਿੱਠ ਅੰਕਣ ਨੰ. 9757-97 /ਫੁੱਟਕਲ-2 ਮਿਤੀ: 06-05-2020

ਇਸਦਾ ਇਕ ਉਤਾਰਾ:

1. ਮੁੱਖ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ,ਗ੍ਰਹਿ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ।
3. ਡਾਇਰੈਕਟਰ ਜਰਨਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ।
4. ਇੰਸਪੈਕਟਰ ਜਰਨਲ ਆਫ ਪੁਲਿਸ(ਸੀ.ਆਈ.ਡੀ.)ਪੰਜਾਬ, ਚੰਡੀਗੜ੍ਹ।
5. ਇੰਸਪੈਕਟਰ ਜਰਨਲ ਆਫ ਪੁਲਿਸ,ਰੂਪਨਗਰ ਰੇਂਜ, ਰੂਪਨਗਰ।
6. ਕਮਿਸ਼ਨਰ, ਪਟਿਆਲਾ ਮੰਡਲ, ਪਟਿਆਲਾ।
7. ਜਿਲ੍ਹਾ ਅਤੇ ਸ਼ੈਸਨ ਜੱਜ,ਫਤਿਹਗੜ੍ਹ ਸਾਹਿਬ।
8. ਸਮੂਹ ਜਿਲ੍ਹਾ ਮੈਜਿਸਟਰੇਟ, ਪੰਜਾਬ ਰਾਜ.............................................................।
9. ਸੀਨੀਅਰ ਕਪਤਾਨ ਪੁਲਿਸ, ਫਤਿਹਗੜ੍ਹ ਸਾਹਿਬ।
10. ਉਪ ਮੰਡਲ ਮੈਜਿਸਟਰੇਟ,ਫਗਸ/ਅਮਲੋਹ/ਬਸੀ ਪਠਾਣਾ/ਖਮਾਣੋ ।
11. ਜਿਲ੍ਹਾ ਅਟਾਰਨੀ,ਫਤਹਿਗੜ੍ਹ ਸਾਹਿਬ।
12. ਜਿਲ੍ਹਾ ਕੰਟਰੋਲਰ, ਖੁਰਾਕ ਤੇ ਸਿਵਲ ਸਪਲਾਈ ਖਪਤਕਾਰ ਮਾਮਲੇ, ਫ਼ਤਹਿਗੜ੍ਹ ਸਾਹਿਬ।
13. ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ,ਫ਼ਤਹਿਗੜ੍ਹ ਸਾਹਿਬ।
14. ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ,ਫਤਿਹਗੜ੍ਹ ਸਾਹਿਬ।
15. ਜਿਲ੍ਹਾ ਲੋਕ ਸੰਪਰਕ ਅਫਸਰ,ਫਤਹਿਗੜ੍ਹ ਸਾਹਿਬ।
16. ਕਾਰਜ ਸਾਧਕ ਅਫਸਰ,ਨਗਰ ਕੌਂਸਲ/ਨਗਰ ਪੰਚਾਇਤ,ਸਰਹਿੰਦ-ਫਗਸ/ਅਮਲੋਹ/ਮੰਡੀ ਗੋਬਿੰਦਗੜ੍ਹ/ ਬਸੀ ਪਠਾਣਾ/ ਖਮਾਣੋ।

ਪਾਸ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਘੱਲਿਆ ਜਾਂਦਾ ਹੈ।

17. ਪੀ.ਏ.ਟੂ ਡੀ.ਐਮ./ਸਟੈਨੋ ਟੂ ਏ.ਡੀ.ਐਮ./ਸਟੈਨੋ ਟੂ ਸ.ਕ.(ਜ),ਸਟੈਨੋ ਟੂ ਈ.ਐਮ,ਫਤਹਿਗੜ੍ਹ ਸਾਹਿਬ ਨੂੰ ਸੂਚਨਾ ਹਿਤ।

ਸਹਾਇਕ ਕਮਿਸ਼ਨਰ(ਜ),
ਵਾ: ਜਿਲ੍ਹਾ ਮੈਜਿਸਟਰੇਟ,
ਫਤਹਿਗੜ੍ਹ ਸਾਹਿਬ।